ਪਿਆਰੇ ਵੋਟਰ:

ਅਸੀਂ ਹੁਣ (---------) ਦੀਆਂ ਰਾਜਵਿਆਪੀ ਰੀਕਾੱਲ (ਪੱਦ ਤੋਂ ਹਟਾਉਣ ਲਈ) ਚੋਣਾਂ ਲਈ ਤਿਆਰੀ ਕਰ ਰਹੇ ਹਾਂ। Fresno ਕਾਉਂਟੀ ਇੱਕ ਵੋਟਰ ਚੌਇਸ ਐਕਟ ਅਪਨਾਉਣ ਵਾਲੀ ਕਾਉਂਟੀ ਹੈ।

- ਵੋਟਰ ਆਪਣੇ ਵੋਟਰ ਰਜਿਸਟ੍ਰੇਸ਼ਨ ਦੀ ਪੁਸ਼ਟੀ www.votefresnocounty.com 'ਤੇ ਜਾਕੇ ਜਾਂ ਸਿੱਧੇ www.voterstatus.sos.ca.gov 'ਤੇ ਜਾਕੇ ਕਰ ਸਕਦੇ ਹਨ। ਆਪਣਾ ਰਿਹਾਇਸ਼ੀ ਪਤਾ ਜਾਂ ਡਾਕ ਪਤਾ ਇੱਥੇ ਜਾਕੇ ਅਪਡੇਟ ਕਰੋ: www.registertovote.ca.gov.
- ਵੋਟਰਾਂ ਨੂੰ ਅਗਸਤ ਦੇ (--------) ਹਫ਼ਤੇ ਵਿੱਚ ਇੱਕ ਆਧਿਕਾਰਕ ਬੈਲਟ ਅਤੇ ਵਾਪਸੀ ਲਿਫ਼ਾਫ਼ਾ ਡਾਕ ਰਾਹੀਂ ਭੇਜਿਆ ਜਾਏਗਾ।
- ਡਾਕ-ਰਾਹੀਂ-ਵੋਟ ਬੈਲਟ ਇੱਕ ਸੁਰੱਖਿਅਤ ਬੈਲਟ ਡ੍ਰੌਪ-ਔਫ਼ ਬੌਕਸ ਵਿੱਚ ਵਾਪਸ ਪਾਏ ਜਾ ਸਕਦੇ ਹਨ। ਡ੍ਰੌਪ ਬੌਕਸ ਚੋਣ ਵਾਲੇ ਦਿਨ ਤੋਂ ਚਾਰ ਹਫ਼ਤੇ ਪਹਿਲਾਂ ਅਤੇ ਚੋਣ ਵਾਲੇ ਦਿਨ ਰਾਤ 8:00 ਵਜੇ ਤੱਕ (ਦਿਨ ਦੇ 24 ਘੰਟੇ) ਖੁੱਲ੍ਹੇ ਹਨ। Fresno ਕਾਉਂਟੀ ਵਿੱਚ ਵੱਖ-ਵੱਖ ਥਾਂਵਾਂ 'ਤੇ ਸੱਠ (60) ਤੋਂ ਉੱਤੇ ਡ੍ਰੌਪ ਬੌਕਸ ਉਪਲਬਧ ਰਹਿਣਗੇ। ਬੈਲਟ, ਬਿਨਾਂ ਡਾਕ-ਟਿਕਟ ਲਗਾਏ ਡਾਕ ਰਾਹੀਂ ਭੇਜੇ ਜਾ ਸਕਦੇ ਹਨ ਜਾਂ ਕਿਸੇ ਵੋਟ ਕੇਂਦਰ ਤੇ ਵੀ ਵਾਪਸ ਕੀਤੇ ਜਾ ਸਕਦੇ ਹਨ।
- ਵੋਟ ਕੇਂਦਰ ਦੀਆਂ ਥਾਂਵਾਂ ਅਤੇ ਉਨ੍ਹਾਂ ਦੇ ਖੁੱਲ੍ਹੇ ਰਹਿਣ ਦੀਆਂ ਤਾਰੀਖ਼ਾਂ ਬਾਰੇ ਜਾਣਕਾਰੀ ਕਾਉਂਟੀ ਦੀ ਵੋਟਰ ਜਾਣਕਾਰੀ ਗਾਈਡ ਵਿੱਚ ਸ਼ਾਮਲ ਕੀਤੀ ਜਾਏਗੀ।
- ਵੋਟਰ ਆਪਣੇ ਬੈਲਟ ਬਾਰੇ ਪਤਾ ਲਗਾਉਣ ਲਈ ਅਤੇ ਆਪਣੇ ਡਾਕ-ਰਾਹੀਂ ਵੋਟ ਬੈਲਟ ਦੀ ਸਥਿਤੀ ਬਾਰੇ ਸੂਚਨਾਵਾਂ ਪ੍ਰਾਪਤ ਕਰਨ ਲਈ ਸਾਈਨ-ਅਪ ਕਰ ਸਕਦੇ ਹਨ। ਆਪਣੇ ਬੈਲਟ ਬਾਰੇ ਆਟੋਮੈਟਿਕ ਈਮੇਲ, ਟੈਕਸਟ ਜਾਂ ਵੌਇਸ ਕਾੱਲ ਸੂਚਨਾਵਾਂ ਪ੍ਰਾਪਤ ਕਰਨ ਲਈ https://california.ballottrax.net/voter/'ਤੇ ਸਾਈਨ-ਅਪ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸਾਡੇ ਦਫ਼ਤਰ ਨਾਲ (559) 600-VOTE (8683) 'ਤੇ; ਈਮੇਲ ਰਾਹੀਂ: clerk-elections@fresnocountyca.gov 'ਤੇ ਸੰਪਰਕ ਕਰੋ ਜਾਂ www.votefresnocounty.com 'ਤੇ ਜਾਓ

James A Kus
Fresno ਕਾਉਂਟੀ ਕਲਰਕ/ਵੋਟਰ ਰਜਿਸਟਰਾਰ

31 ਅਗਸਤ, 2021

7 ਸਤੰਬਰ, 2021

14 ਸਤੰਬਰ, 2021

21 ਸਤੰਬਰ, 2021

ਪਹਿਲੇ

ਦੂਜੇ

ਤੀਜੇ

ਚੌਥੇ